## ਪਾਠ-13

## ਸਾਉਣ (ਲੇਖਕ-ਧਨੀ ਰਾਮ ਚਾਤ੍ਰਿਕ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਸਾਉਣ ਦੇ ਮਹੀਨੇ ਖੇਤਾਂ ਵਿਚ ਕਿਹੜੀਆਂ-ਕਿਹੜੀਆਂ ਫ਼ਸਲਾਂ ਹੁੰਦੀਆਂ ਹਨ?**
ਉੱਤਰ : ਸਾਉਣ ਦੇ ਮਹੀਨੇ ਖੇਤਾਂ ਵਿਚ ਝੋਨਾ, ਚਰੀ, ਮੱਕੀ, ਕਪਾਹ, ਜਾਮਣਾਂ, ਅਨਾਰ ਤੇ ਕਈ ਪ੍ਰਕਾਰ ਦੀਆਂ ਸਬਜ਼ੀਆਂ ਦੀਆਂ ਫ਼ਸਲਾਂ ਹੁੰਦੀਆਂ ਹਨ।

**ਪ੍ਰਸ਼ਨ ਅ. ਸਾਉਣ ਦੇ ਮਹੀਨੇ ਕੁੜੀਆਂ ਕੀ ਕਰਦੀਆਂ ਹਨ?**
ਉੱਤਰ : ਸਾਉਣ ਦੇ ਮਹੀਨੇ ਕੁਆਰੀਆਂ ਕੁੜੀਆਂ ਵੰਗਾਂ, ਚੂੜੀਆਂ ਪਹਿਨਦੀਆਂ, ਪੈਰਾਂ ਨੂੰ ਮਹਿੰਦੀ ਲਾਉਂਦੀਆਂ ਤੇ ਸਿਰਾਂ ਉੱਤੇ ਰੰਗਲੀਆਂ ਚੁੰਨੀਆਂ ਲੈਂਦੀਆਂ ਹਨ।

**ਪ੍ਰਸ਼ਨ ੲ. ਸਾਉਣ ਦੇ ਮਹੀਨੇ ਕਿਹੜੇ-ਕਿਹੜੇ ਪਕਵਾਨ ਤਿਆਰ ਕੀਤੇ ਜਾਂਦੇ ਹਨ?**
ਉੱਤਰ : ਸਾਉਣ ਦੇ ਮਹੀਨੇ ਖੀਰਾਂ ਰਿੰਨ੍ਹੀਆਂ ਜਾਂਦੀਆਂ ਹਨ ਤੇ ਪੂੜੇ ਪਕਾਏ ਜਾਂਦੇ ਹਨ।



**ਪ੍ਰਸ਼ਨ ਸ. ਗੱਭਰੂ ਸਾਉਣ ਦੀ ਰੁੱਤ ਦਾ ਆਨੰਦ ਕਿਵੇਂ ਮਾਣਦੇ ਹਨ?**
ਉੱਤਰ : ਸਾਉਣ ਦੀ ਰੁੱਤ ਵਿਚ ਗੱਭਰੂ ਪਿੜਾਂ ਵਿਚ ਸੌਂਚੀ ਖੇਡਦੇ, ਛਿੰਝਾਂ ਪਾਉਂਦੇ ਤੇ ਛਾਲਾਂ ਲਾਉਂਦੇ ਹਨ।

**ਪ੍ਰਸ਼ਨ ਹ. ਸਾਉਣ ਮਹੀਨੇ ਵਿਚ ਆਲੇ-ਦੁਆਲ਼ੇ ਕੀ ਪਰਿਵਰਤਨ ਆਉਂਦਾ ਹੈ?**
ਉੱਤਰ : ਸਾਉਣ ਮਹੀਨੇ ਵਿਚ ਝੜੀਆਂ ਲਗਣ ਨਾਲ ਗਰਮੀ ਘਟ ਜਾਂਦੀ ਹੈ, ਛੱਪੜ, ਟੋਭੇ, ਨਦੀਆਂ, ਨਾਲੇ ਪਾਣੀ ਨਾਲ ਭਰ ਜਾਂਦੇ ਹਨ, ਚਾਰੇ ਪਾਸੇ ਹਰਿਆਲੀ ਹੋ ਜਾਂਦੀ ਹੈ ਤੇ ਫ਼ਸਲਾਂ ਲਹਿਰਾ ਉੱਠਦੀਆਂ ਹਨ।

### 2. ਹੇਠ ਲਿਖੀਆਂ ਕਾਵਿ- ਸਤਰਾਂ ਦੇ ਭਾਵ ਅਰਥ ਲਿਖੋ?

1. **ਸਾਉਣ ਮਾਹ, ਝੜੀਆਂ ਗਰਮੀ ਝਾੜ ਸੁੱਟੀ,**
   **ਧਰਤੀ ਪੁੰਗਰੀ, ਟਹਿਕੀਆਂ ਡਾਲੀਆਂ ਨੇ।**
   **ਭਾਵ ਅਰਥ :** ਸਾਉਣ ਦੇ ਮਹੀਨੇ ਦੀਆਂ ਝੜੀਆਂ ਨਾਲ ਗਰਮੀ ਘਟ ਜਾਂਦੀ ਤੇ ਧਰਤੀ ਉੱਤੇ ਹਰ ਪਾਸੇ ਹਰਿਆਵਲ ਛਾ ਜਾਂਦੀ ਹੈ।
2. **ਜੰਮੂੰ ਰਸੇ, ਅਨਾਰ ਵਿਚ ਆਈ ਸ਼ੀਰੀਂ,**
   **ਚੜ੍ਹੀਆਂ ਸਬਜ਼ੀਆਂ ਨੂੰ ਗਿੱਠ-ਗਿੱਠ ਲਾਲੀਆਂ ਨੇ।**
   **ਭਾਵ ਅਰਥ :** ਸਾਉਣ ਦੇ ਮਹੀਨੇ ਦੇ ਮੀਂਹਾਂ ਨਾਲ ਜਾਮਣਾਂ ਤੇ ਅਨਾਰ ਪੱਕ ਜਾਂਦੇ ਹਨ ਤੇ ਸਬਜ਼ੀਆਂ ਦੀ ਬਹੁਤਾਤ ਹੋ ਜਾਂਦੀ ਹੈ।

### 3. ਔਖੇ ਸ਼ਬਦਾਂ ਦੇ ਅਰਥ ਦੱਸੋ :

| | | |
|---|---|---|
| ਮਾਹ | : | ਮਹੀਨਾ |
| ਪੁੰਗਰੀ | : | ਫੁੱਟਦੀ, ਉੱਗਦੀ |
| ਜੂਹ | : | ਘਰਾਂ ਦੇ ਨੇੜੇ ਖ਼ਾਲੀ ਥਾਂ, ਹੱਦ, ਸੀਮਾ |
| ਹੰਘਾਲ਼ੀਆ | : | ਪਾਣੀ ਫੇਰ ਕੇ ਕੱਢਣਾ |
| ਧਾਈਂ | : | ਜੀਰੀ, ਝੋਨਾ |
| ਸ਼ੀਰੀ | : | ਮਿਠਾਸ |
| ਤਿੜ੍ਹਾਂ | : | ਖੱਬਲ ਜਾਂ ਘਾਹ ਦਾ ਲੰਮਾਂ ਤੀਲ੍ਹਾ, ਕੱਖ |
| ਪਾਲ਼ੀ | : | ਪਸ਼ੂ ਚਾਰਨ ਵਾਲ਼ੇ |
| ਜੋਤਰੇ | : | ਜੋੜੇ ਹੋਏ ਪਸ਼ੂ |
| ਬੱਧੀਆਂ | : | ਬੰਨ੍ਹੀਆਂ |
| ਦਿਹਾਰ | : | ਤਿਉਹਾਰ, ਵਿਆਹ ਕੁੜੀ ਲਈ ਦਿਨ ਲਈ-ਦਿਹਾਰ ‘ਤੇ ਭੇਜੀ ਗਈ ਵਸਤੂ |
| ਡੰਝ ਲਾਹੀ | : | ਇੱਛਾ ਪੂਰੀ ਕਰਨਾ, ਭੁੱਖ ਲਾਹੁਣੀ |
| ਸੌਂਚੀ | : | ਕਬੱਡੀ ਦੀ ਖੇਡ ਦੀ ਇੱਕ ਕਿਸਮ |
| ਛਿੰਝ ਪਾਉਣਾ | : | ਕੁਸ਼ਤੀ ਦੀ ਖੇਡ ਦੀ ਇੱਕ ਕਿਸਮ |
| ਖੀਵੇ | : | ਖੁਸ਼ ਹੋਣਾ |

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**

ਪਿੜ : ਅਖਾੜਾ, ਉਹ ਥਾਂ ਜਿੱਥੇ ਕੁਸ਼ਤੀਆਂ ਜਾਂ ਖੇਡਾਂ ਹੁੰਦੀਆਂ ਹਨ।
ਸੋਹਲੇ : ਗੀਤ, ਗੁਣ-ਗਾਣ



## 4. ਹੇਠ ਲਿਖੀਆਂ ਸਤਰਾਂ ਪੂਰੀਆਂ ਕਰੋ :

❖ **ਰਾਹ ਰੋਕ ਲਏ, ਛੱਪੜਾਂ ਟੋਭਿਆਂ ਨੇ,**

ਨਦੀਆਂ ਨਾਲਿਆਂ ਜੂਹਾਂ ਹੰਗਾਲੀਆਂ ਨੇ।

❖ **ਸੌਂਚੀ ਖੇਡਦੇ ਗੱਭਰੂ ਪਿੜਾਂ ਅੰਦਰ,**

ਛਿੰਝਾਂ ਪਾਉਂਦੇ ਤੇ ਛਾਲਾਂ ਲਾਉਂਦੇ ਨੇ।

## 5. ਪੜ੍ਹੋ ਤੇ ਸਮਝੋ :

ਸਾਉਣ : ਸੌਂਚੀ
ਪਾਲ਼ੀ : ਵਰਖਾ
ਕੁੜੀਆਂ, ਵਹੁਟੀਆਂ : ਪਸ਼ੂ ਚਾਰਨ ਵਾਲ਼ੇ
ਗੱਭਰੂ : ਪੀਂਘਾਂ

## 6. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ :

1. **ਗਿੱਠ-ਗਿੱਠ ਲਾਲੀ ਚੜ੍ਹਨਾ (ਬਹੁਤ ਉਤਸ਼ਾਹ ਹੋਣਾ)–** ਵਿਆਹ ਵਾਲ਼ੇ ਮੁੰਡੇ ਦੇ ਚਿਹਰੇ 'ਤੇ ਗਿੱਠ-ਗਿੱਠ ਲਾਲੀ ਚੜ੍ਹੀ ਹੋਈ ਹੈ।
2. **ਖੁਸ਼ੀ 'ਚ ਖੀਵੇ ਹੋਣਾ (ਬਹੁਤ ਖ਼ੁਸ਼ ਹੋਣਾ)–** ਫ਼ਸਲ ਪੱਕੀ ਦੇਖ ਕੇ ਕਿਸਾਨ ਖੁਸ਼ੀ 'ਚ ਖੀਵੇ ਹੋਏ ਫਿਰਦੇ ਹਨ।
3. **ਸੋਹਲੇ ਗਾਉਣਾ (ਸਿਫ਼ਤਾਂ ਕਰਨੀਆਂ)–** ਚੰਗਾ ਕੰਮ ਕਰਨ ਵਾਲਿਆਂ ਦੇ ਸਾਰੇ ਸੋਹਲੇ ਗਾਉਂਦੇ ਹਨ।

## 7. ਵਿਆਕਰਨ :

**ਹੇਠ ਲਿਖੀਆਂ ਸਤਰਾਂ ਵਿਚੋਂ ਨਾਂਵ-ਸ਼ਬਦ ਚੁਣੋ :**

ਖੀਰਾਂ ਰਿੱਝੀਆਂ, ਪੂੜਿਆਂ ਡੰਝ ਲਾਹੀ,
ਕੁੜੀਆਂ, ਵਹੁਟੀਆਂ ਨੇ ਪੀਘਾਂ ਪਾਈਆਂ ਨੇ,
ਗਿੱਧੇ ਵੱਜਦੇ, ਕਿਲਕਿਲੀ ਮੱਚਦੀ ਏ,
ਘਟਾਂ ਕਾਲ਼ੀਆਂ ਵੇਖ ਕੇ ਛਾਈਆਂ ਨੇ।

**ਨਾਂਵ-ਸ਼ਬਦ :** ਖੀਰਾਂ, ਪੂੜਿਆਂ, ਕੁੜੀਆਂ, ਵਹੁਟੀਆਂ, ਪੀਘਾਂ, ਗਿੱਧੇ, ਕਿਲਕਿਲੀ, ਘਟਾਂ।

## 8. ਹੇਠ ਲਿਖੀਆਂ ਰੁੱਤਾਂ ਬਾਰੇ ਚਾਰ-ਚਾਰ ਸਤਰਾਂ ਲਿਖੋ।

1. **ਬਸੰਤ :** ਪੰਜਾਬ ਵਿਚ ਬਸੰਤ ਰੁੱਤ ਅੱਧ ਫਰਵਰੀ ਤੋਂ ਅੱਧ ਅਪ੍ਰੈਲ ਤੱਕ ਹੁੰਦੀ ਹੈ। ਇਹ ਰੁੱਤ ਪਾਲਾ ਖ਼ਤਮ ਕਰਦੀ ਤੇ ਰੁੱਖਾਂ ਉੱਤੇ ਨਵੇਂ ਪੱਤੇ ਤੇ ਫੁੱਲ ਨਿਕਲਣ ਲਗਦੇ ਹਨ।
2. **ਗਰਮੀ :** ਪੰਜਾਬ ਵਿਚ ਅਪ੍ਰੈਲ ਤੋਂ ਅੱਧ ਜੂਨ ਤੱਕ ਅੱਤ ਦੀ ਗਰਮੀ ਪੈਂਦੀ ਹੈ। ਲੋਕ ਬਚਣ ਲਈ ਸ਼ਰਬਤ, ਸ਼ਕੰਜਵੀ, ਲੱਸੀ ਆਦਿ ਪੀਂਦੇ ਹਨ।
3. **ਪਤਝੜ :** ਪੰਜਾਬ ਵਿਚ ਅੱਧ ਅਕਤੂਬਰ ਤੋਂ ਨਵੰਬਰ ਵਿਚ ਪਤਝੜ ਦੀ ਰੁੱਤ ਰੁੱਖਾਂ ਦੇ ਸਾਰੇ ਪੱਤੇ ਝਾੜ ਦਿੰਦੀ ਹੈ ਤੇ ਸਰਦੀ ਦੀ ਸ਼ੁਰੂਆਤ ਹੋ ਜਾਂਦੀ ਹੈ।ਹਰਿਆਵਲ ਘਟ ਜਾਂਦੀ ਹੈ।
4. **ਸਰਦੀ :** ਪੰਜਾਬ ਵਿਚ ਅੱਧ ਦਸੰਬਰ ਤੋਂ ਅੱਧ ਫਰਵਰੀ ਤੱਕ ਪੂਰੀ ਸਰਦੀ ਹੁੰਦੀ ਹੈ। ਇਹਨਾਂ ਦਿਨਾਂ ਵਿਚ ਸੂਰਜ ਘੱਟ ਨਿਕਲਦਾ ਹੈ ਤੇ ਚਾਰੇ ਪਾਸੇ ਧੁੰਦ ਛਾਈ ਰਹਿੰਦੀ ਹੈ। ਇਸ ਮੌਸਮ ਵਿਚ ਪੰਜਾਬੀ ਚਾਹ ਸ਼ੌਂਕ ਨਾਲ ਪੀਂਦੇ ਹਨ।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**